# ਗਾਇਲਤਸੁਏਨ ਜੇਟਸਨ ਪੇਮਾ ਵਾਂਗਚੱਕ ਮਦਰ ਐਂਡ ਚਾਈਲਡ ਹਸਪਤਾਲ ਦਾ ਉਦਘਾਟਨ

ਮਾਰਚ 23, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਭੂਟਾਨ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼ੇਰਿੰਗ ਤੋਬਗੇ ਨੇ ਗਾਇਲਤਸੁਏਨ ਜੇਟਸਨ ਪੇਮਾ ਵਾਂਗਚੱਕ ਮਦਰ ਐਂਡ ਚਾਈਲਡ ਹਸਪਤਾਲ ਦਾ ਉਦਘਾਟਨ ਕੀਤਾ। ਇਹ ਥਿੰਫੂ ਵਿੱਚ, ਭਾਰਤ ਸਰਕਾਰ ਦੀ ਸਹਾਇਤਾ ਨਾਲ ਬਣਾਇਆ ਗਿਆ ਇੱਕ ਅਤਿ-ਆਧੁਨਿਕ ਹਸਪਤਾਲ ਹੈ।

2. ਭਾਰਤ ਸਰਕਾਰ ਨੇ 150 ਬਿਸਤਰਿਆਂ ਵਾਲੇ ਗਾਇਲਤਸੁਏਨ ਜੇਟਸਨ ਪੇਮਾ ਵਾਂਗਚੱਕ ਮਦਰ ਐਂਡ ਚਾਈਲਡ ਹਸਪਤਾਲ ਦੇ ਵਿਕਾਸ ਲਈ ਸਮਰਥਨ, ਦੋ ਪੜਾਵਾਂ ਵਿੱਚ ਕੀਤਾ ਹੈ। ਹਸਪਤਾਲ ਦਾ ਪਹਿਲਾ ਪੜਾਅ 22 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਸੀ ਅਤੇ ਜੋ 2019 ਤੋਂ ਚਾਲੂ ਹੈ। ਦੂਜੇ ਪੜਾਅ ਦੇ ਨਿਰਮਾਣ ਦਾ ਕੰਮ 2019 ਵਿੱਚ, 12ਵੀਂ ਪੰਜ ਸਾਲਾ ਯੋਜਨਾ ਦੇ ਤਹਿਤ, 119 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਇਆ ਸੀ, ਅਤੇ ਜੋ ਹੁਣ ਪੂਰਾ ਹੋ ਗਿਆ ਹੈ।

3. ਨਵੇਂ ਬਣੇ ਹਸਪਤਾਲ ਤੋਂ, ਭੂਟਾਨ ਵਿੱਚ ਮਾਂ ਅਤੇ ਬੱਚੇ ਦੀ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਵਾਧਾ ਹੋਵੇਗਾ। ਨਵੀਂ ਸਹੂਲਤ ਵਿੱਚ ਬਾਲ ਰੋਗ, ਗਾਇਨੀਕੋਲੋਜੀ ਅਤੇ ਪ੍ਰਸੂਤੀ ਵਿਗਿਆਨ, ਐਨੇਸਥੀਸੀਓਲੋਜੀ, ਓਪਰੇਸ਼ਨ ਥੀਏਟਰ, ਨਿਓਨੇਟਲ ਇੰਟੈਂਸਿਵ ਕੇਅਰ ਅਤੇ ਪੀਡੀਆਟ੍ਰਿਕ ਇੰਟੈਂਸਿਵ ਕੇਅਰ ਲਈ ਅਤਿ-ਆਧੁਨਿਕ ਸਹੂਲਤਾਂ ਮੌਜੂਦ ਹੋਣਗੀਆਂ।

4. ਗਾਇਲਟਸੁਏਨ ਜੇਟਸਨ ਪੇਮਾ ਵਾਂਗਚੱਕ ਮਦਰ ਐਂਡ ਚਾਈਲਡ ਹਸਪਤਾਲ ਸਿਹਤ-ਸੰਭਾਲ ਵਿੱਚ ਭਾਰਤ-ਭੂਟਾਨ ਸਾਂਝੇਦਾਰੀ ਦੇ ਇੱਕ ਸ਼ਾਨਦਾਰ ਉਦਾਹਰਣ ਵਜੋਂ ਖੜ੍ਹਾ ਹੈ।

**ਥਿੰਫੂ**
**ਮਾਰਚ 23, 2024**